# ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ

ਪੁੱਡਾ ਭਵਨ, ਸੈਕਟਰ-62, ਐਸ.ਏ.ਐਸ.ਨਗਰ।

(ਪਾਲਿਸੀ ਸਾਖਾ)

## ਦਫਤਰੀ ਹੁਕਮ

ਮੰਤਰੀ ਪ੍ਰੀਸ਼ਦ, ਪੰਜਾਬ ਦੀ ਮਿਤੀ 30-08-2018 ਨੂੰ ਹੋਈ ਮੀਟਿੰਗ ਵਿੱਚ ਲਏ ਗਏ ਫੈਸਲੇ ਦੀ ਲੋਅ ਵਿੱਚ ਐਸ. ਏ. ਐਸ. ਨਗਰ ਵਿਖੇ ਵਿਕਸਿਤ ਕੀਤੀ ਜਾ ਰਹੀ ਆਈ. ਟੀ. ਸਿਟੀ ਵਿਖੇ ਪਲਾਟਾਂ ਦੀ ਅਲਾਟਮੈਂਟ ਸਬੰਧੀ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰ: 5/13/2013-4ਐਚ.ਜੀ.1/132289/1 ਮਿਤੀ 04-12-2013 ਨੂੰ ਨੋਟੀਫਾਈ ਕੀਤੀ ਗਈ ਆਈ. ਟੀ. ਪਾਲਿਸੀ-2013 (ਸਮੇਤ ਸਮੇਂ ਸਮੇਂ ਤੇ ਜਾਰੀ ਕੀਤੀਆਂ ਸੋਧਾਂ) ਵਿੱਚ ਮੌਜੂਦਾ ਲੋੜਾਂ ਦੇ ਮੱਦੇਨਜਰ ਨਿਮਨ ਅਨੁਸਾਰ ਸੋਧਾਂ ਕੀਤੀਆਂ ਜਾਂਦੀਆਂ ਹਨ:-

1.0 ਪਾਲਿਸੀ ਵਿੱਚ ਜਿਥੇ ਕਿੱਤੇ ਵੀ ਲੀਜ਼ ਬੇਸਿਜ਼ ਆਉਂਦਾ ਹੈ ਦੀ ਥਾਂ ਤੇ ਫਰੀ ਹੋਲਡ ਬੇਸਿਜ਼, ਲੀਜ਼ ਮਨੀ ਦੀ ਥਾਂ ਤੇ ਇੰਸਟਾਲਮੈਂਟ ਅਤੇ ਲੈਸੀ ਦੀ ਥਾਂ ਤੇ ਅਲਾਟੀ ਕੀਤਾ ਜਾਂਦਾ ਹੈ।

2.0 ਸਾਈਟਾਂ ਦੀ ਅਲਾਟਮੈਂਟ ਫਰੀ ਹੋਲਡ ਬੇਸਿਜ਼ ਤੇ ਕਰਨ ਦੀ ਸੂਰਤ ਵਿੱਚ ਪਾਲਿਸੀ ਦੇ ਚੈਪਟਰ 5 ਵਿੱਚ ਪੈਰਾ 5.3(3) ਵਿੱਚ ਦਰਸਾਏ ਅਨੁਸਾਰ ਹੁਣ ਲੀਜ਼ ਐਗਰੀਮੈਂਟ ਐਗਜੀਕਿਉਟ ਨਹੀਂ ਕਰਵਾਇਆ ਜਾਵੇਗਾ।

3.0 ਸਾਈਟਾਂ ਦੀ ਅਲਾਟਮੈਂਟ ਫਰੀ ਹੋਲਡ ਬੇਸਿਜ਼ ਤੇ ਕਰਨ ਦੀ ਸੂਰਤ ਵਿੱਚ ਪਾਲਿਸੀ ਦੇ ਚੈਪਟਰ 7 ਵਿੱਚ ਪੈਰਾ 8 ਵਿੱਚ ਦਰਸਾਏ ਅਨੁਸਾਰ ਕੰਨਵਰਜ਼ਨ ਚਾਰਜਿਜ ਨਹੀਂ ਲਏ ਜਾਣਗੇ।

4.0 ਆਈ. ਟੀ. ਪਾਲਿਸੀ-2013 ਦੇ ਚੈਪਟਰ 6 ਵਿੱਚ ਪੈਰਾ 6.1 ਅਤੇ 6.2 ਵਿੱਚ ਪਲਾਟਾਂ ਦੀ ਅਲਾਟਮੈਂਟ ਆਨ-ਗੋਇੰਗ ਸਕੀਮ ਦੀ ਥਾਂ ਤੇ ਈ-ਆਕਸ਼ਨ ਰਾਹੀਂ ਕੀਤੀ ਜਾਵੇਗੀ।

5.0 ਆਈ. ਟੀ. ਪਾਲਿਸੀ-2013 ਦੇ ਚੈਪਟਰ 5 ਵਿੱਚ ਪੈਰਾ 5.2 ਵਿੱਚ ਪਲਾਟਾਂ ਦੀ ਕੀਮਤ ਵਿੱਚ 25% ਵਾਧਾ ਤਤਕਾਲ ਤੋਂ ਕੀਤਾ ਜਾਂਦਾ ਹੈ।

6.0 ਆਈ. ਟੀ. ਪਾਲਿਸੀ-2013 ਦੇ ਚੈਪਟਰ 6 ਦੇ ਪੈਰਾ 6.1 ਵਿੱਚ ਦਰਸਾਈ ਗਈ ਪ੍ਰੋਸੈਸਿੰਗ ਫੀਸ ਦੀ ਥਾਂ ਤੇ 5.00 ਲੱਖ ਰੁਪਏ ਬਤੌਰ ਬਿਆਨਾ ਰਕਮ ਜੋ ਕਿ ਅੱਡਜਸਟੇਬਲ ਹੋਵੇਗੀ, ਮੰਗੀ ਜਾਵੇਗੀ।

7.0 ਬਿੱਡਰ ਇਹ ਸੈਲਫ ਸਰਟੀਫਾਈ ਕਰੇਗਾ ਕਿ ਉਹ ਅਪਲਾਈ ਕੀਤੇ ਜਾ ਰਹੇ ਪਲਾਟ ਵਾਸਤੇ ਆਈ. ਟੀ. ਪਾਲਿਸੀ-2013(ਅਤੇ ਉਪਰੰਤ ਇਸ ਵਿੱਚ ਕੀਤੀਆਂ ਸੋਧਾਂ) ਮੁਤਾਬਿਕ ਸ਼ਰਤਾਂ ਪੂਰੀਆਂ ਕਰਦਾ ਹੈ। ਜੇਕਰ ਬਿੱਡਰ ਵੱਲੋਂ ਦਿੱਤੀ ਗਈ ਡਿਕਲੇਰੇਸ਼ਨ ਦਸਤਾਵੇਜ਼ਾਂ ਦੀ ਸਕਰੂਟਨੀ ਸਮੇਂ ਗਲਤ ਪਾਈ ਜਾਂਦੀ ਹੈ ਤਾਂ ਬਿੱਡਰ ਵੱਲੋਂ ਜਮ੍ਹਾਂ ਕਰਵਾਈ ਗਈ ਬਿਆਨਾਂ ਰਕਮ ਜਬਤ ਕੀਤੀ ਜਾਵੇਗੀ, ਪਰ ਜੇਕਰ ਬਿਨੈਕਾਰ ਜਿਹੜਾ ਕਿ ਪਾਲਿਸੀ ਦੀ ਲੋਅ ਵਿੱਚ ਯੋਗ ਹੈ, ਪਰ ਕਿਸੇ ਕਾਰਨ ਉਸ ਨੂੰ ਪਲਾਟ ਅਲਾਟ ਨਹੀਂ ਕੀਤਾ ਜਾਂਦਾ ਤਾਂ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਬਿਆਨਾ ਰਕਮ ਬਿਨ੍ਹਾਂ ਵਿਆਜ਼ ਦੇ ਉਸ ਨੂੰ ਰਿਫੰਡ ਕਰ ਦਿੱਤੀ ਜਾਵੇਗੀ।

8.0 ਸਾਈਟ ਦੀ ਅਲਾਟਮੈਂਟ ਉਸ ਬਿੱਡਰ ਨੂੰ ਕੀਤੀ ਜਾਵੇਗੀ ਜਿਸ ਦੀ ਬਿੱਡ ਅਮਾਉਂਟ ਸਭ ਤੋਂ ਜਿਆਦਾ ਹੋਵੇਗੀ ਅਤੇ ਜੋ ਆਈ. ਟੀ. ਪਾਲਿਸੀ ਦੀਆਂ ਸ਼ਰਤਾਂ ਮੁਤਾਬਿਕ ਯੋਗ ਪਾਇਆ ਜਾਵੇਗਾ ।

9.0 ਆਈ. ਟੀ. ਪਾਲਿਸੀ-2013 ਮੁਤਾਬਿਕ ਪਲਾਟਾਂ ਲਈ ਪ੍ਰਾਪਤ ਅਰਜੀਆਂ ਦੀ ਸਕਰੂਟਨੀ ਪਾਲਿਸੀ ਦੇ ਚੈਪਟਰ 6 ਦੇ ਪੈਰਾ 6.3 ਵਿੱਚ ਦਰਸਾਈ ਕਮੇਟੀ ਦੀ ਥਾਂ ਤੇ ਗਮਾਡਾ ਵੱਲੋਂ ਇੰਨ-ਹਾਉਸ ਸਕਰੂਟਨੀ ਕਰਵਾਈ ਜਾਵੇਗੀ। ਸਕਰੂਟਨੀ ਉਪਰੰਤ ਯੋਗ ਪਾਏ ਜਾਣ ਵਾਲੇ ਬਿਨੈਕਾਰਾਂ ਨੂੰ ਪਲਾਟਾਂ ਦੀ ਅਲਾਟਮੈਂਟ ਮੁੱਖ ਪ੍ਰਸਾਸ਼ਕ, ਗਮਾਡਾ ਦੇ ਪੱਧਰ ਤੇ ਪ੍ਰਵਾਨਗੀ ਲੈਣ ਉਪਰੰਤ ਕੀਤੀ ਜਾਵੇਗੀ।

10.0 ਅਲਾਟਮੈਂਟ ਦੀਆਂ ਬਾਕੀ ਸ਼ਰਤਾਂ ਜਿਵੇਂ ਕਿ ਪੇਮੈਂਟ ਸ਼ਡਿਊਲ, ਕੰਸਟਰਕਸ਼ਨ ਪੀਰਿਅਡ ਆਦਿ ਆਈ.ਟੀ. ਪਾਲਿਸੀ-2013 ਅਤੇ ਉਸ ਉਪਰੰਤ ਸਰਕਾਰ ਵੱਲੋਂ ਸਮੇਂ ਸਮੇਂ ਤੇ ਜਾਰੀ ਕੀਤੀਆਂ ਸੋਧਾਂ ਅਨੁਸਾਰ ਹੀ ਹੋਣਗੀਆਂ।

ਇਹ ਹੁਕਮ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾਂਦੇ ਹਨ।

ਮਿਤੀ: 08-10-2018
ਐਸ ਏ ਐਸ ਨਗਰ

ਗੁਰਨੀਤ ਤੇਜ, ਆਈ. ਏ. ਐਸ.
ਮੁੱਖ ਪ੍ਰਸਾਸ਼ਕ

ਪਿੱਠ ਅੰਕਣ ਨੰ: ਗਮਾਡਾ/ਪਾਲਿਸੀ/2018/ 31784-88 ਮਿਤੀ 9/10/18

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮਿਲਖ ਅਫਸਰ(ਪਲਾਟਸ/ਆਕਸ਼ਨ), ਗਮਾਡਾ, ਐਸ ਏ ਐਸ ਨਗਰ।
2. ਸੀਨੀਅਰ ਨਗਰ ਯੋਜਨਾਕਾਰ, ਗਮਾਡਾ, ਐਸ.ਏ.ਐਸ.ਨਗਰ।
3. ਮੁੱਖ ਲੇਖਾ ਅਫਸਰ, ਗਮਾਡਾ, ਐਸ ਏ ਐਸ ਨਗਰ ।
4. ਸਹਾਇਕ ਸਿਸਟਮ ਮੈਨੇਜਰ, ਗਮਾਡਾ ਨੂੰ ਦਫਤਰੀ ਹੁਕਮਾਂ ਦੀ ਕਾਪੀ ਗਮਾਡਾ ਦੀ ਵੈਬਸਾਈਟ ਤੇ ਅਪਲੋਡ ਕਰਨ ਹਿੱਤ।

ਸੁਪਰਡੰਟ (ਪਾਲਿਸੀ)
ਵਾ: ਮੁੱਖ ਪ੍ਰਸਾਸ਼ਕ